# ਅਲਬਰਟਾ ਐਨਰਜੀ ਰਿਬੇਟ ਪੋਰਟਲ ਹੁਣ ਖੁੱਲ੍ਹ ਗਿਆ ਹੈ

1 ਜੁਲਾਈ, 2026 [ਮੀਡੀਆ ਪੁੱਛਗਿੱਛ]

## **ਅਲਬਰਟਾ ਐਨਰਜੀ ਰਿਬੇਟ** ਲਈ ਅਰਜ਼ੀਆਂ ਹੁਣ ਸ਼ੁਰੂ ਹੋ ਚੁੱਕੀਆਂ ਹਨ, ਜਿਸ ਰਾਹੀਂ ਅਲਬਰਟਾ ਵਾਸੀਆਂ ਦੇ ਟੈਕਸ ਦੇ ਪੈਸੇ ਮੁੜ ਉਨ੍ਹਾਂ ਦੀਆਂ ਜੇਬਾਂ ਵਿੱਚ ਵਾਪਸ ਪਹੁੰਚਾਏ ਜਾ ਰਹੇ ਹਨ।

ਅਲਬਰਟਾ ਵਾਸੀ ਹੁਣ ਇੱਕ ਵਾਰ ਮਿਲਣ ਵਾਲੇ **ਅਲਬਰਟਾ ਐਨਰਜੀ ਰਿਬੇਟ** ਲਈ ਅਰਜ਼ੀ ਦੇ ਸਕਦੇ ਹਨ, ਜੋ ਸੂਬੇ ਭਰ ਦੇ ਪਰਿਵਾਰਾਂ ਨੂੰ ਹੋਰ ਬਚਤ ਅਤੇ ਵਧੇਰੇ ਲਚਕਤਾ ਪ੍ਰਦਾਨ ਕਰੇਗਾ। ਹਰ ਯੋਗ ਅਲਬਰਟਾ ਵਾਸੀ ਨੂੰ **$100** ਦੀ ਸਿੱਧੀ ਅਦਾਇਗੀ ਕੀਤੀ ਜਾਵੇਗੀ, ਜਿਸ ਨਾਲ ਇੰਧਨ, ਕਰਿਆਨੇ, ਯੂਟਿਲਿਟੀ ਬਿੱਲਾਂ ਅਤੇ ਹੋਰ ਘਰੇਲੂ ਖਰਚਿਆਂ ਵਿੱਚ ਤੁਰੰਤ ਅਤੇ ਅਸਲ ਰਾਹਤ ਮਿਲੇਗੀ।

**1 ਜੁਲਾਈ ਤੋਂ 30 ਸਤੰਬਰ** ਤੱਕ, ਯੋਗ ਅਲਬਰਟਾ ਵਾਸੀ ਸੁਰੱਖਿਅਤ ਆਨਲਾਈਨ ਪੋਰਟਲ ਰਾਹੀਂ ਆਪਣੀ ਅਰਜ਼ੀ https://alberta.ca/alberta-energy-rebate 'ਤੇ ਜਾ ਕੇ ਜਮ੍ਹਾਂ ਕਰ ਸਕਦੇ ਹਨ।

"ਅਲਬਰਟਾ ਐਨਰਜੀ ਰਿਬੇਟ ਸਿਰਫ਼ ਇੰਧਨ ਦੀ ਲਾਗਤ ਤੱਕ ਸੀਮਿਤ ਨਹੀਂ ਹੈ। ਇਹ ਯਕੀਨੀ ਬਣਾਉਣ ਬਾਰੇ ਹੈ ਕਿ ਵਧੇਰੇ ਅਲਬਰਟਾ ਵਾਸੀਆਂ ਨੂੰ ਸਹੀ ਸਮੇਂ ਅਤੇ ਸਹੀ ਢੰਗ ਨਾਲ ਲੋੜੀਂਦੀ ਸਹਾਇਤਾ ਮਿਲੇ। ਸਿੱਧੀਆਂ ਅਦਾਇਗੀਆਂ ਕਰਕੇ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਇਹ ਰਾਹਤ ਹੋਰ ਵੱਧ ਲੋਕਾਂ ਤੱਕ ਹੁਣੇ ਪਹੁੰਚੇ, ਨਾ ਕਿ ਬਾਅਦ ਵਿੱਚ।"

***ਜੇਸਨ ਨਿਕਸਨ*** *ਖਜ਼ਾਨਾ ਬੋਰਡ ਦੇ ਪ੍ਰਧਾਨ ਅਤੇ ਵਿੱਤ ਮੰਤਰੀ*

ਅਲਬਰਟਾ ਐਨਰਜੀ ਰਿਬੇਟ ਤਿੰਨ ਮਹੀਨਿਆਂ ਦੌਰਾਨ ਫਿਊਲ ਟੈਕਸ ਵਿੱਚ ਮਿਲਣ ਵਾਲੀ ਬਚਤ ਨਾਲੋਂ ਔਸਤ ਅਲਬਰਟਾ ਵਾਸੀ ਨੂੰ **50 ਪ੍ਰਤੀਸ਼ਤ ਵੱਧ ਬਚਤ** ਪ੍ਰਦਾਨ ਕਰਦਾ ਹੈ। ਲਗਭਗ **34 ਲੱਖ (3.4 ਮਿਲੀਅਨ)** ਅਲਬਰਟਾ ਵਾਸੀ ਇਸ ਰਿਬੇਟ ਦਾ ਲਾਭ ਲੈ ਸਕਦੇ ਹਨ, ਜੋ ਇੱਕ ਭਰੋਸੇਯੋਗ ਅਤੇ ਨਿਰਧਾਰਤ ਵਿੱਤੀ ਸਹਾਇਤਾ ਹੈ।

### ਯੋਗਤਾ

ਅਲਬਰਟਾ ਐਨਰਜੀ ਰਿਬੇਟ ਲਈ ਯੋਗ ਹੋਣ ਲਈ ਅਰਜ਼ੀਕਾਰ ਨੂੰ:

- 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੋਣਾ ਚਾਹੀਦਾ ਹੈ।

- ਅਲਬਰਟਾ ਦਾ ਨਿਵਾਸੀ ਹੋਵੇ ਅਤੇ ਉਸਦਾ ਤਸਦੀਕਸ਼ੁਦਾ Alberta.ca account ਹੋਵੇ।
- 2025 ਦੀ ਆਮਦਨ ਕਰ ਭਰੀ ਹੋਵੇ।
- ਪਰਿਵਾਰ ਦੀ ਕੁੱਲ ਆਮਦਨ **$225,000 ਜਾਂ ਇਸ ਤੋਂ ਘੱਟ** ਹੋਵੇ।.

ਅਲਬਰਟਾ ਐਨਰਜੀ ਰਿਬੇਟ ਲਈ ਪਰਿਵਾਰ ਦੀ ਪਰਿਭਾਸ਼ਾ: ਇੱਕ ਇਕੱਲਾ ਵਿਅਕਤੀ, ਜਾਂ ਵਿਆਹੇ ਹੋਏ ਜਾਂ ਕਾਮਨ-ਲਾਅ ਰਿਸ਼ਤੇ ਵਿੱਚ ਰਹਿੰਦੇ ਦੋ ਵਿਅਕਤੀ।

ਜੇਕਰ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਅਲਬਰਟਾ ਵਾਸੀ ਇੱਕੋ ਪਤੇ 'ਤੇ ਰਹਿੰਦੇ ਹਨ ਪਰ ਉਹ ਵਿਆਹੇ ਹੋਏ ਜਾਂ ਕਾਮਨ-ਲਾਅ ਰਿਸ਼ਤੇ ਵਿੱਚ ਨਹੀਂ ਹਨ, ਤਾਂ ਉਹਨਾਂ ਨੂੰ ਵੱਖ-ਵੱਖ ਪਰਿਵਾਰ ਮੰਨਿਆ ਜਾਵੇਗਾ। ਇਸ ਵਿੱਚ ਸ਼ਾਮਲ ਹਨ:

- ਰੂਮਮੇਟ
- 18 ਸਾਲ ਤੋਂ ਵੱਧ ਉਮਰ ਦੇ ਬੱਚੇ
- ਇੱਕੋ ਘਰ ਵਿੱਚ ਰਹਿੰਦੇ ਹੋਰ ਬਾਲਗ ਪਰਿਵਾਰਕ ਮੈਂਬਰ

ਹਰ ਬਾਲਗ ਨੂੰ ਰਿਬੇਟ ਦੀ ਰਕਮ ਪ੍ਰਾਪਤ ਕਰਨ ਲਈ ਵੱਖਰੇ ਤੌਰ 'ਤੇ ਅਰਜ਼ੀ ਦੇਣੀ ਪਵੇਗੀ।

ਅਲਬਰਟਾ ਸੀਨੀਅਰਜ਼ ਬੈਨੀਫਿਟ, ਗੰਭੀਰ ਅਪਾਹਜਾਂ (AISH), ਅਲਬਰਟਾ ਡਿਸਏਬਿਲਟੀ ਅਸਿਸਟੈਂਸ ਪ੍ਰੋਗਰਾਮ (ADAP) ਅਤੇ ਇਨਕਮ ਸਪੋਰਟ ਪ੍ਰਾਪਤ ਕਰਨ ਵਾਲੇ ਅਲਬਰਟਾ ਵਾਸੀਆਂ ਨੂੰ 1 ਜੁਲਾਈ ਤੋਂ ਉਨ੍ਹਾਂ ਦੀ ਛੋਟ ਪ੍ਰਾਪਤ ਕਰਨ ਲਈ ਸਵੈਚਲਿਤ ਤੌਰ 'ਤੇ ਨਾਮਜ਼ਦ ਕੀਤਾ ਜਾਵੇਗਾ।

ਬਾਕੀ ਅਲਬਰਟਾ ਵਾਸੀਆਂ ਨੂੰ ਆਨਲਾਈਨ ਅਰਜ਼ੀ ਦੇਣੀ ਲਾਜ਼ਮੀ ਹੈ। ਸਾਰੀਆਂ ਅਰਜ਼ੀਆਂ ਦੀ ਜਾਂਚ ਅਤੇ ਪੁਸ਼ਟੀ ਕੀਤੀ ਜਾਵੇਗੀ ਤਾਂ ਜੋ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਹੋਣ ਅਤੇ ਭੁਗਤਾਨ ਸਹੀ ਢੰਗ ਨਾਲ ਕੀਤਾ ਜਾ ਸਕੇ।

## ਅਰਜ਼ੀ ਕਿਵੇਂ ਦੇਣੀ ਹੈ

- **ਕਦਮ 1:** ਆਪਣੇ ਤਸਦੀਕਸ਼ੁਦਾ Alberta.ca account ਵਿੱਚ ਲੌਗ ਇਨ ਕਰੋ।
  - ਜੇਕਰ ਤੁਹਾਡੇ ਕੋਲ ਖਾਤਾ ਨਹੀਂ ਹੈ ਤਾਂ ਤੁਸੀਂ Alberta.ca 'ਤੇ ਜਾ ਕੇ ਨਵਾਂ ਖਾਤਾ ਬਣਾ ਸਕਦੇ ਹੋ।
- **ਕਦਮ 2:** ਆਪਣੀ ਜਾਣਕਾਰੀ ਦੀ ਪੁਸ਼ਟੀ ਕਰੋ।
  - ਇਹ ਯਕੀਨੀ ਬਣਾਓ ਕਿ ਤੁਹਾਡੇ ਅਲਬਰਟਾ ਡਰਾਈਵਰ ਲਾਇਸੈਂਸ ਜਾਂ ਪਛਾਣ ਪੱਤਰ 'ਤੇ ਦਰਜ ਡਾਕ ਪਤਾ ਤੁਹਾਡੇ Alberta.ca Account ਵਿੱਚ ਦਿੱਤੀ ਜਾਣਕਾਰੀ ਨਾਲ ਮਿਲਦਾ ਹੋਵੇ।.
- **ਕਦਮ 3: ਔਨਲਾਈਨ ਪੋਰਟਲ ਰਾਹੀਂ ਰਜਿਸਟਰ ਕਰੋ** https://energyrebate.alberta.ca

## ਮਹੱਤਵਪੂਰਨ ਜਾਣਕਾਰੀ

- ਅਰਜ਼ੀਆਂ 1 ਜੁਲਾਈ ਤੋਂ 30 ਸਤੰਬਰ ਤੱਕ ਸਵੀਕਾਰ ਕੀਤੀਆਂ ਜਾਣਗੀਆਂ।

- ਯੋਗ ਅਰਜ਼ੀਕਾਰਾਂ ਨੂੰ ਅਰਜ਼ੀ ਦੇਣ ਤੋਂ 14 ਦਿਨਾਂ ਦੇ ਅੰਦਰ ਇੰਟਰੈਕ ਈ-ਟ੍ਰਾਂਸਫਰ ਰਾਹੀਂ ਭੁਗਤਾਨ ਮਿਲ ਜਾਵੇਗਾ।
    - ਜੇਕਰ ਤੁਹਾਡੇ ਕੋਲ e-transfer ਦੀ ਸੁਵਿਧਾ ਨਹੀਂ ਹੈ ਤਾਂ ਇਸਨੂੰ ਚਾਲੂ ਕਰਵਾਉਣ ਲਈ ਆਪਣੇ ਬੈਂਕ ਦੇ ਨੁਮਾਇੰਦੇ ਨਾਲ ਸੰਪਰਕ ਕਰੋ।
- ਇਹ ਰਿਬੇਟ ਫਿਊਲ ਟੈਕਸ ਰਾਹਤ ਨਾਲੋਂ ਔਸਤਨ 50 ਪ੍ਰਤੀਸ਼ਤ ਤੋਂ ਵੱਧ ਬਚਤ ਪ੍ਰਦਾਨ ਕਰਦਾ ਹੈ।
- ਇਹ ਰਿਬੇਟ ਟੈਕਸ-ਮੁਕਤ ਹੈ ਅਤੇ ਇਸ ਨਾਲ ਸੂਬਾਈ ਜਾਂ ਫੈਡਰਲ ਸਰਕਾਰੀ ਲਾਭਾਂ ਲਈ ਤੁਹਾਡੀ ਯੋਗਤਾ 'ਤੇ ਕੋਈ ਅਸਰ ਨਹੀਂ ਪਵੇਗਾ।

## ਸੰਬੰਧਿਤ ਜਾਣਕਾਰੀ

- **ਤੱਥ-ਪੱਤਰ: ਅਲਬਰਟਾ ਐਨਰਜੀ ਰਿਬੇਟ ਲਈ ਅਰਜ਼ੀ ਕਿਵੇਂ ਦੇਣੀ ਹੈ**
- **ਅਲਬਰਟਾ ਐਨਰਜੀ ਰਿਬੇਟ ਅਰਜ਼ੀ ਪੋਰਟਲ 'ਤੇ ਜਾਓ:** https://energyrebate.alberta.ca
- **ਆਪਣਾ Alberta.ca ਖਾਤਾ ਬਣਾਓ ਜਾਂ ਐਕਸੈੱਸ ਕਰੋ:** https://account.alberta.ca

### ਸੰਬੰਧਿਤ ਖ਼ਬਰ

- ਐਨਰਜੀ ਤੋਂ ਹੋਈ ਆਮਦਨ ਮੁੜ ਤੁਹਾਡੀ ਜੇਬ ਵਿੱਚ (17 ਜੂਨ, 2026)

## ਮੀਡੀਆ ਪੁੱਛਗਿੱਛ

**ਜੂਲੀਆਨਾ ਰੋਡਰਿਗਜ਼**

587-338-2302

ਪ੍ਰੈਸ ਸਕੱਤਰ, ਖਜ਼ਾਨਾ ਬੋਰਡ ਅਤੇ ਵਿੱਤ